/ |

ਨੰ: 22/ 2/2012-3 ਐਫ.ਪੀ.2/475
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ।

ਵਿਸਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਕਰਨ ਬਾਰੇ।

ਸ੍ਰੀ ਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ-1, ਭਾਗ 1, ਦੇ ਰੂਲ 3.26 ਦੇ ਕਲਾਜ (ਏ) ਅਤੇ ਕਲਾਜ (ਬੀ) ਦੇ ਉਪਬੰਧਾਂ ਦੇ ਅਨੁਸਰਣ ਵਿੱਚ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਸਰਕਾਰ ਦੇ ਗਰੁੱਪ "ਏ", ਗਰੁੱਪ "ਬੀ", ਗਰੁੱਪ "ਸੀ" ਅਤੇ ਗਰੁੱਪ "ਡੀ" ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਕਰਨ ਦੀ ਪਰਵਾਨਗੀ ਦਿੰਦੇ ਹਨ। ਸੇਵਾ ਕਾਲ ਵਿੱਚ ਇਹ ਵਾਧਾ ਨਿਮਨ-ਲਿਖਤ ਸ਼ਰਤਾਂ ਅਨੁਸਾਰ ਹੋਵੇਗਾ:-

(ੳ) ਇਹ ਵਾਧਾ ਕੇਵਲ ਉਹਨਾਂ ਕਰਮਚਾਰੀਆਂ ਨੂੰ ਹੀ ਮਿਲਣਯੋਗ ਹੋਵੇਗਾ ਜੋ ਇਸ ਪੱਤਰ ਦੇ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਆਪਣੀ ਆਪਸ਼ਨ ਦੇਣਗੇ। ਲੋੜੀਂਦੀ ਆਪਸ਼ਨ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ-1, ਭਾਗ 1, ਦੇ ਰੂਲ 3.26 ਦੇ ਕਲਾਜ (ਏ) ਅਨੁਸਾਰ 58/60 ਸਾਲ ਦੀ ਉਮਰ ਪੂਰੀ ਕਰਨ ਦੀ ਮਿਤੀ ਤੋਂ ਪਹਿਲਾਂ ਤਿੰਨ ਮਹੀਨੇ ਦੇ ਅੰਦਰ ਅੰਦਰ ਆਪਣੇ ਦਫ਼ਤਰ ਦੇ ਮੁਖੀ ਨੂੰ ਦਿੱਤੀ ਜਾ ਸਕੇਗੀ ਬਸ਼ਰਤੇ ਕਿ ਜਿਹਨਾਂ ਕਰਮਚਾਰੀਆਂ ਦੀ ਵੱਧ-ਵਧ੍ਹ ਸੇਵਾ-ਨਵਿਰਤੀ ਦੀ ਮਿਤੀ ਵਿੱਚ ਤਿੰਨ ਮਹੀਨੇ ਤੋਂ ਘੱਟ ਸਮਾਂ ਰਹਿ ਗਿਆ ਹੈ, ਉਹ ਆਪਣੀ ਆਪਸ਼ਨ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਆਪਣੀ ਵੱਧ-ਵਧ੍ਹ ਸੇਵਾ-ਨਵਿਰਤੀ ਦੇ ਦਿਨ ਤੱਕ ਕਦੀ ਵੀ ਦੇ ਸਕਦੇ ਹਨ। ਇੱਕ ਵਾਰ ਦਿੱਤੀ ਆਪਸ਼ਨ ਅੰਤਮ ਮੰਨੀ ਜਾਵੇਗੀ ਅਤੇ ਇਸ ਵਿੱਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ।

(ੲ) ਵਧੇ ਹੋਏ ਸੇਵਾ ਕਾਲ ਦੌਰਾਨ ਸਬੰਧਤ ਕਰਮਚਾਰੀ, ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ 1, ਭਾਗ 1 ਦੇ ਨਿਯਮ 3.26, ਦੇ ਕਲਾਜ (ਬੀ), ਅਨੁਸਾਰ, ਤਨਖਾਹ ਡਰਾਅ ਕਰਨ ਦਾ ਹੱਕਦਾਰ ਹੋਵੇਗਾ ਅਰਥਾਤ ਉਹ ਵੱਧ ਵਧ੍ਹ ਸੇਵਾ-ਨਵਿਰਤੀ ਦੀ ਮਿਤੀ ਨੂੰ ਮਿਲਣਯੋਗ ਆਖਰੀ ਤਨਖਾਹ ਦੇ ਬਰਾਬਰ ਤਨਖਾਹ ਲਵੇਗਾ ਜਿਸ ਉੱਤੇ ਨਿਯਮਾਂ ਅਨੁਸਾਰ ਸਮੇਂ ਸਮੇਂ ਤੇ ਬਣਦੇ ਭੱਤੇ ਵੀ ਮਿਲਣਯੋਗ ਹੋਣਗੇ।

(ਸ) ਵਧੇ ਹੋਏ ਸੇਵਾਕਾਲ ਦੌਰਾਨ ਪਦ-ਉੱਨਤੀ ਦੀ ਆਸਾਮੀ ਉਪਲਬਧ ਹੋਣ ਦੀ ਸੂਰਤ ਵਿੱਚ, ਸਬੰਧਤ ਕਰਮਚਾਰੀ, ਨਿਯਮਾਂ ਅਨੁਸਾਰ, ਅਜਿਹੀ ਆਸਾਮੀ ਦੇ ਵਿਰੁੱਧ ਪਦ-ਉੱਨਤੀ ਲਈ ਵਿਚਾਰੇ ਜਾਣ

ਦਾ ਪਾਤਰ ਹੋਵੇਗਾ ਅਤੇ ਪਦ-ਉੱਨਤ ਹੋਣ ਦੀ ਸੂਰਤ ਵਿੱਚ ਉਸਦੀ ਤਨਖਾਹ ਸਬੰਧਤ ਨਿਯਮਾਂ ਅਨੁਸਾਰ ਪਦ-ਉੱਨਤੀ ਦਾ ਲਾਭ ਦਿੰਦੇ ਹੋਏ ਨਿਸਚਿਤ ਕੀਤੀ ਜਾਵੇਗੀ।

(ਹ) ਸਬੰਧਤ ਕਰਮਚਾਰੀ ਨੂੰ ਸੇਵਾ-ਨਵਿਰਤੀ ਉਪਰੰਤ ਮਿਲਣਯੋਗ ਸਾਰੇ ਪੈਨਸ਼ਨਰੀ ਲਾਭ ਉਸ ਦੇ ਸੇਵਾ ਕਾਲ ਵਿੱਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣਯੋਗ ਹੋਣਗੇ।

2. ਇਹ ਹਦਾਇਤਾ ਉਹਨਾਂ ਕਰਮਚਾਰੀਆਂ ਤੇ ਲਾਗੂ ਹੋਣਗੀਆਂ ਜਿਹਨਾਂ ਦੀ ਵੱਧ-ਵਗ੍ਹਾ ਸੇਵਾ-ਨਵਿਰਤੀ ਦੀ ਮਿਤੀ 31 ਅਕਤੂਬਰ, 2012 ਜਾਂ ਉਸ ਤੋਂ ਬਾਅਦ ਹੋਵੇਗੀ।

(ਮਹਿੰਦਰ ਸਿਘ ਪਰਾਸ਼ਰ)
ਅਧੀਨ ਸਕੱਤਰ, ਵਿੱਤ

ਨੱਥੀ: ਉਪਰੋਕਤ ਅਨੁਸਾਰ:

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/476 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ),ਪੰਜਾਬ,ਚੰਡੀਗੜ੍ਹ।

(ਮਹਿੰਦਰ ਸਿੰਘ ਪਰਾਸ਼ਰ)
ਅਧੀਨ ਸਕੱਤਰ, ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/ 477 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ ਦਾ ਉਤਾਰਾ,ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

(2) ਸਮੂਹ ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

ਅਧੀਨ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/478 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ ਦਾ ਇੱਕ ਉਤਾਰਾ ਸਕੱਤਰ ਪ੍ਰਸੋਨਲ ਵਿਭਾਗ,ਪੰਜਾਬ ਪੰਜਾਬ ਸਰਕਾਰ,ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਤੀ 28 ਅਗਸਤ, 2012 ਨੂੰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਕਰਮਚਾਰੀਆਂ ਦੀ ਸਿੱਧੀ ਭਰਤੀ ਦੀ ਉਪਰਲੀ ਸੀਮਾ ਦੀ ਹੱਦ 37 ਸਾਲ ਦੀ ਬਜਾਏ 38 ਸਾਲ ਕਰਨ ਲਈ ਲੋੜੀਂਦਾ ਨੋਟੀਫਿਕੇਸਨ ਮਿਤੀ 31/10/2012 ਤੱਕ ਜਾਰੀ ਕਰਨ ਦੀ ਖੇਚਲ ਕਰਨ।

ਅਧੀਨ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/ 479 ਮਿਤੀ,ਚੰਡੀਗੜ੍ਹ: 8 ਅਕਤੂਬਰ, 2012

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫਸਰਾਂ/ ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/ 2/2012- 3 ਐਫ.ਪੀ.2/480 ਮਿਤੀ,ਚੰਡੀਗੜ੍ਹ 8 ਅਕਤੂਬਰ, 2012

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਇੰਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ,ਵਿੱਤ

## ਸੇਵਾ ਕਾਲ ਵਿੱਚ ਵਾਧਾ ਪ੍ਰਾਪਤ ਕਰਨ ਵਾਸਤੇ ਆਪਸ਼ਨ ਦੇਣ ਲਈ ਨਿਸਚਤ ਪ੍ਰੋਫਾਰਮਾ

( ਵੇਖੋ ਪੰਜਾਬ ਸਰਕਾਰ ਦਾ ਪੱਤਰ ਨੰ: 22/2/2012-3 ਐਫ.ਪੀ.2/475-480 ਮਿਤੀ 8 ਅਕਤੂਬਰ, 2012)

ਮੈਂ_____________________________ਪੁੱਤਰ/ਪੁੱਤਰੀ/ਪਤਨੀ____________________

ਆਹੁਦਾ ______________________________________________________________

ਦਫਤਰ/ਵਿਭਾਗ__________________________________________________________

ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3 ਐਫ.ਪੀ.2/475-480 ਮਿਤੀ 8 ਅਕਤੂਬਰ, 2012 ਅਨੁਸਾਰ ਵੱਧ-ਵਰ੍ਹਾ ਸੇਵਾ-ਨਵਿਰਤੀ ਦੀ ਮਿਤੀ ਉਪਰੰਤ ਸੇਵਾ ਕਾਲ ਵਿੱਚ ਇੱਕ ਸਾਲ ਦਾ ਵਾਧਾ ਪ੍ਰਾਪਤ ਕਰਨ ਲਈ ਆਪਣੀ ਆਪਸ਼ਨ ਦਿੰਦਾ/ਦਿੰਦੀ ਹਾਂ।

2. ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਪੰਜਾਬ ਸਰਕਾਰ ਦੇ ਉਪਰੋਕਤ ਪੱਤਰ ਨੰ: 22/2/2012-3 ਐਫ.ਪੀ.2/475-80 ਮਿਤੀ 8 ਅਕਤੂਬਰ, 2012 ਵਿੱਚ ਦਰਜ ਸਾਰੀਆਂ ਸ਼ਰਤਾਂ ਮੰਨਜ਼ੂਰ ਹਨ ਅਤੇ ਮੈਂ ਇਹਨਾਂ ਦੀ ਪਾਲਣਾ ਕਰਨ ਲਈ ਵਚਨਬੱਧ ਹੋਵਾਂਗਾ/ਹੋਵਾਂਗੀ।

| | |
|---|---|
| ਦਫਤਰ ਦੇ ਮੁਖੀ ਦੇ ਹਸਤਾਖਰ | ਸਬੰਧਤ ਕਰਮਚਾਰੀ ਦੇ ਹਸਤਾਖਰ |
| ਮਿਤੀ: | ਮਿਤੀ : |

***

GOVERNMENT OF PUNJAB
DEPARTMENT OF FINANCE
(Finance Personnel-2 Branch)

NOTIFICATION

Dated, Chandigarh, the 8th October, 2012

No.22/2/2012-3FP2/469 .-- In exercise of the powers conferred by the proviso to article 309 of the Constitution of India, and all other powers enabling him in this behalf, the Governor of Punjab is pleased to make the following rules further to amend the Punjab Civil Services Rules, Volume-I, Part-I, namely:-

RULES

1. (1) These rules may be called the Punjab Civil Services (First Amendment) Rules, Volume-I, Part-I, 2012.

(2) They shall come into force at once.

2. In the Punjab Civil Services Rules, Volume-I, Part-I, in rule 3.26, for clauses (a) and (b), the following clauses shall be substituted, namely:-

"3.26 (a) Except as otherwise provided in this rule, the date of retirement of a Government employee other than a Group D Government employee shall be the date on which he attains the age of 58 years and the date of retirement of a Group D Government employee shall be the date on which he attains the age of 60 years:

Provided that if the State Government is of the opinion that it is necessary or expedient in public interest so to do, the service of a Government employee or a class of Government employees, may be extended beyond the date of retirement for a period not exceeding two years, after getting an option from the concerned Government employee or the Government employees, as the case may be.

Provided further that a Government employee must not be retained in service after the period of service extended under this clause, except in exceptional circumstances with the previous sanction of the competent authority in public interest and for reasons to be recorded in writing.

(b) Notwithstanding anything to the contrary contained in these rules or any other rules for the time being in force, during the extended period of service under clause (a) of this rule, a Government employee shall be entitled to pay equal to the pay last drawn by him on the date on which he attains the age of 58 years or 60 years, as the case may be. However, if a promotional post is available, he shall be eligible for consideration for promotion against that post and on promotion his pay shall be fixed under the relevant rules".

SATISH CHANDRA,IAS,

Principal Secretary to Government of Punjab,
Department of Finance.

Dak | 9.10

No.22/2/2012-3FP2/470 Dated,Chandigarh,the 8th October,2012

A copy is forwarded to:-

1. All Heads of the Departments;
2. Registrar, Punjab and Haryana High Court;
3. Commissioners of Divisions;
4. District and Session Judges;
5. All the Deputy Commissioners;
6. Chairman Punjab State Language(Legislative) Commission;
7. DistrictTreasury Officers & Treasury Officers in the Punjab.

for information and necessary action.

(Mohinder Singh Prashar)
Under Secretary Finance

No.22/2/2012-3FP2/471 Dated,Chandigarh,the 8th October,2012

A copy is forwarded to the Accountant General(Audit) and Accountant General (Accounts & Entitlement), Punjab for information and necessary action.

Under Secretary Finance

No.22/2/2012-3FP2/472 Dated,Chandigarh,the 8th October,2012

A copy along with two attested copies, is forwarded to the Controller, Printing & Stationery Punjab, Chandigarh with the request to supply 300 printed copies after publication this notification in the ordinary gazette of the Government of Punjab.

Under Secretary Finance

No.22/2/2012-3FP2/473 Dated,Chandigarh,the 8th October,2012

A copy is forwarded to the Chief Secretary to Government,Punjab; all the Principal Secretaries; Financial Commissioners and Administrative Secretaries to Government of Punjab for information and necessary action.

Under Secretary Finance

To

1. Chief Secretary to Government,Punjab.
2. All Principal Secretaries to Government of Punjab;
3. All Financial Commissioners to Government of Punjab;
4. All Administrative Secretaries to Government of Punjab.

I.D. No.22/2/2012-3FP2/474 Dated,Chandigarh,the 8th October,2012